ਵਿਸ਼ਾ ਪੰਜਾਬੀ ਜਮਾਤ ਦਸਵੀਂ

## ਡਿਪਟੀ ਕਮਿਸ਼ਨਰ ਨੂੰ ਆਪਣੀ ਯੋਗਤਾ ਦੱਸਦੇ ਹੋਏ ਨੌਕਰੀ ਲਈ ਅਰਜ਼ੀ ।

ਸੇਵਾ ਵਿਖੇ

ਡਿਪਟੀ ਕਮਿਸ਼ਨਰ ਸਾਹਿਬ ,

ਜ਼ਿਲ੍ਹਾ .................. ।

ਸ੍ਰੀਮਾਨ ਜੀ ,

ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ 15 ਜੁਲਾਈ , 2020 ਦੀ ਪੰਜਾਬੀ ਟ੍ਰਿਬਿਊਨ ' ਅਖ਼ਬਾਰ ਪੜ੍ਹ ਕੇ ਪਤਾ ਲੱਗਾ ਕਿ ਆਪ ਦੇ ਦਫ਼ਤਰ ਵਿਚ ਇਕ ਟਾਈਪਿਸਟ ਦੀ ਲੋੜ ਹੈ । ਮੈਂ ਆਪਣੇ ਆਪ ਨੂੰ ਇਸ ਆਸਾਮੀ ਲਈ ਪੇਸ਼ ਕਰਦਾ ਹਾਂ । ਮੇਰੀ ਯੋਗਤਾ ਇਸ ਪ੍ਰਕਾਰ ਹੈ:-

( ੳ ) ਮੈਂ ਦਸਵੀਂ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ 550 ਨੰਬਰ ਲੈ ਕੇ 2018 ਵਿਚ ਪਾਸ ਕੀਤੀ ।

( ਅ ) ਮੈਂ ਅੰਗਰੇਜੀ ਤੇ ਪੰਜਾਬੀ ਦੀ ਟਾਈਪ ਤੇ ਸ਼ਾਰਟ - ਹੈਂਡ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ ।

( ੲ ) ਮੈਂ ਹਾਕੀ ਦਾ ਬਹੁਤ ਚੰਗਾ ਖਿਡਾਰੀ ਹਾਂ ।

( ਸ ) ਮੇਰੀ ਉਮਰ 18 ਸਾਲ ਹੈ ।

ਜੇ ਮੈਨੂੰ ਆਪ ਦੀ ਸੇਵਾ ਵਿਚ ਕੰਮ ਕਰਨ ਦਾ ਮੌਕਾ ਮਿਲਿਆ ਤਾਂ ਮੈਂ ਆਪ ਦਾ ਆਗਿਆਕਾਰੀ ਰਹਿ ਕੇ ਆਪ ਨੂੰ ਵੱਧ ਤੋਂ ਵੱਧ ਸੰਤੁਸ਼ਟ ਕਰਾਂਗਾ ।

ਮੈਂ ਆਸ ਕਰਦਾ ਹਾਂ ਕਿ ਆਪ ਮੈਨੂੰ ਇਸ ਸੇਵਾ ਦਾ ਜ਼ਰੂਰ ਮੌਕਾ ਦਿਓਗੇ ।

ਧੰਨਵਾਦ ਸਹਿਤ ।

ਆਪ ਦਾ ਵਿਸ਼ਵਾਸ -ਪਾਤਰ,

ਨਾਂ ....................,

ਪਤਾ.................|

ਤਿਆਰ ਕਰਤਾ

ਸੰਦੀਪ ਸਿੰਘ ਪੰਜਾਬੀ ਮਾਸਟਰ

ਸਰਕਾਰੀ ਹਾਈ ਸਕੂਲ ਭਿੰਡੀ ਔਲਖ (ਅੰਮ੍ਰਿਤਸਰ)

ਮੋਬਾਈਲ 8437626373


